# ਤੁਹਾਡੀ ਇਨਹਾਂਸਡ ਕੇਅਰ ਗਾਈਡ

ਬਿਹਤਰ, ਵਧੇਰੇ ਕਿਫਾਇਤੀ ਆਈ ਸੀ ਬੀ ਸੀ

ICBC

# ਤੁਹਾਡੀ ਇਨਹਾਂਸਡ ਕੇਅਰ ਗਾਈਡ

ਆਈ ਸੀ ਬੀ ਸੀ ਬਦਲ ਗਈ ਹੈ ਅਤੇ ਅਸੀਂ ਬੀ.ਸੀ. ਡਰਾਈਵਰਾਂ ਲਈ ਵਧੇਰੇ ਕਿਫਾਇਤੀ ਆਟੋ ਇੰਸ਼ੋਰੈਂਸ ਪ੍ਰਦਾਨ ਕਰ ਰਹੇ ਹਾਂ।

- ਬੀ.ਸੀ. ਦੇ ਡਰਾਈਵਰ ਆਈ ਸੀ ਬੀ ਸੀ ਦੀ ਪੂਰੀ ਕਵਰੇਜ (ਬੇਸਿਕ ਅਤੇ ਆਪਸ਼ਨਲ) ਨਾਲ ਔਸਤਨ ੨੦ ਪ੍ਰਤੀਸ਼ਤ ਦੀ ਬੱਚਤ ਕਰਨਗੇ।
- ਜੇ ਤੁਸੀਂ ਕਿਸੇ ਟੱਕਰ ਵਿੱਚ ਜ਼ਖਮੀ ਹੋ ਜਾਂਦੇ ਹੋ ਤਾਂ ਵਧੀ ਦੇਖਭਾਲ ਅਤੇ ਰਿਕਵਰੀ ਲਾਭ ਮਿਲਣਗੇ, ਕੋਈ ਓਵਰਆਲ ਸੀਮਾ ਨਹੀਂ।

ਆਖਰ ਕੋਈ ਵੀ ਕਾਰ ਦੀ ਟੱਕਰ ਹੋਣ ਦੀ ਯੋਜਨਾ ਨਹੀਂ ਬਣਾਉਂਦਾ। ਅਸੀਂ ਸੋਚਦੇ ਹਾਂ ਕਿ ਭਾਵੇਂ ਟੱਕਰ ਤੁਹਾਡੇ ਕਾਰਨ ਹੋਈ ਹੈ ਤਾਂ ਵੀ ਤੁਹਾਡੀ ਸਿਹਤ ਮਹੱਤਵਪੂਰਣ ਹੈ ਅਤੇ ਤੁਸੀਂ ਉਸ ਸਾਰੀ ਦੇਖਭਾਲ ਤੱਕ ਪਹੁੰਚ ਦੇ ਯੋਗ ਹੋ ਜਿਸ ਦੀ ਤੁਹਾਨੂੰ ਠੀਕ ਹੋਣ ਲਈ ਜ਼ਰੂਰਤ ਹੈ।



**ਇਨਹਾਂਸਡ ਕੇਅਰ ਆ ਗਈ ਹੈ ਅਤੇ ਸਾਨੂੰ ਲੱਗਦਾ ਹੈ ਕਿ ਤੁਸੀਂ ਇਸ ਨੂੰ ਪਸੰਦ ਕਰੋਗੇ**





ICBC

# ਇਹ ਤਬਦੀਲੀਆਂ ਕਿਵੇਂ ਸੰਭਵ ਹਨ?

ਬੀ.ਸੀ. ਦੇ ਆਟੋ ਇੰਸ਼ੋਰੈਂਸ ਵਿੱਚ ਇਹ ਤਬਦੀਲੀਆਂ ਸੰਭਵ ਹਨ ਕਿਉਂਕਿ ਸਾਡੇ ਪਿਛਲੇ ਮੁਕੱਦਮੇਬਾਜ਼ੀ-ਆਧਾਰਿਤ ਸਿਸਟਮ ਨਾਲ ਜੁੜੇ ਵਿਸ਼ੇਸ਼ ਖਰਚੇ ਬਹੁਤ ਹੱਦ ਤੱਕ ਹਟਾ ਦਿੱਤੇ ਗਏ ਹਨ। ਕਾਨੂੰਨੀ ਕਾਰਵਾਈ ਜ਼ਰੂਰੀ ਨਹੀਂ ਹੈ ਅਤੇ ਆਓ ਇਹ ਗੱਲ ਮੰਨੀਏ, ਤੁਹਾਨੂੰ ਆਪਣੀ ਲੋੜੀਂਦੀ ਦੇਖਭਾਲ ਪ੍ਰਾਪਤ ਕਰਨ ਲਈ ਜਾਂ ਟੱਕਰ ਤੋਂ ਬਾਅਦ ਤਨਖਾਹ ਦੇ ਨੁਕਸਾਨ ਨੂੰ ਪੂਰਾ ਕਰਨ ਲਈ ਕਾਨੂੰਨੀ ਕਾਰਵਾਈ ਦੀ ਜ਼ਰੂਰਤ ਨਹੀਂ ਪੈਣੀ ਚਾਹੀਦੀ - ਹੁਣ ਜਾਂ ਭਵਿੱਖ ਵਿੱਚ।

ਅਸੀਂ ਉਸ ਬੱਚਤ ਨੂੰ ਲਿਆ ਹੈ - ਹਰ ਸਾਲ $15 ਬਿਲੀਅਨ ਤੋਂ ਵੱਧ - ਅਤੇ ਉਹਨਾਂ ਨੂੰ ਘੱਟ ਇੰਸ਼ੋਰੈਂਸ ਰੇਟ ਅਤੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦੇ ਬਿਹਤਰ ਲਾਭ ਲਈ ਲਗਾਇਆ ਹੈ, ਜੇ ਉਹ ਕਿਸੇ ਟੱਕਰ ਵਿੱਚ ਜ਼ਖਮੀ ਹੋ ਜਾਂਦੇ ਹਨ।

ਇੱਕ ਨਜ਼ਰ

### ਅੱਜ ਦਾ ਸਿਸਟਮ

- ਵੱਧ ਰਹੇ ਕਾਨੂੰਨੀ ਖਰਚਿਆਂ ਦੇ ਕਾਰਨ **ਸਾਲਾਨਾ ਰੇਟ ਵਿੱਚ ਵਾਧਾ** ਹੁੰਦਾ ਹੈ।
- ਦੇਖਭਾਲ ਅਤੇ ਸਿਹਤਯਾਬੀ ਲਈ **$300,000** ਤੱਕ।
- ਤਨਖਾਹ ਦੇ ਨੁਕਸਾਨ ਦੀ ਅਦਾਇਗੀ ਲਈ **$740 ਤੱਕ ਪ੍ਰਤੀ ਹਫਤਾ**।
- ਭਵਿੱਖ ਦੀ ਦੇਖਭਾਲ ਦਾ ਭੁਗਤਾਨ **ਇੱਕ ਸਮੇਂ ਦੇ ਨਿਪਟਾਰੇ ਵਿੱਚ** ਕੀਤਾ ਜਾਂਦਾ ਹੈ।
- ਤੁਹਾਡੀ ਸੈਟਲਮੈਂਟ ਦਾ **25-33%** ਵਕੀਲ ਨੂੰ ਜਾਂਦਾ ਹੈ।
- **ਮੁਆਵਜ਼ੇ ਲਈ ਮੁਕਦੱਮਾ** ਸਿਰਫ ਉਦੋਂ ਕਰ ਸਕਦੇ ਹੋ ਜਦੋਂ ਤੁਹਾਡੀ ਗਲਤੀ ਨਹੀਂ ਹੈ।

ਬਨਾਮ

ਇੱਕ ਨਜ਼ਰ

### ਇਨਹਾਂਸਡ ਕੇਅਰ

- **ਡਰਾਈਵਰ ਲਗਭਗ 20%, ਦੀ ਬੱਚਤ ਕਰਦੇ ਹਨ** ਅਤੇ ਵਧੇਰੇ ਸਥਿਰ ਰੇਟ ਹਨ।
- ਦੇਖਭਾਲ ਅਤੇ ਰਿਕਵਰੀ 'ਤੇ ਕੋਈ ਵੱਧ ਤੋਂ ਵੱਧ ਸੀਮਾ ਨਹੀਂ।
- **$1200 ਤੱਕ ਪ੍ਰਤੀ ਹਫਤਾ** ਤਨਖਾਹ ਦੇ ਨੁਕਸਾਨ ਦੀ ਅਦਾਇਗੀ ਲਈ
- ਲੋੜ ਪੈਣ 'ਤੇ **ਜਦ ਤੱਕ ਤੁਹਾਨੂੰ ਜ਼ਰੂਰਤ ਹੋਵੇ** ਤਦ ਤੱਕ ਦੇਖਭਾਲ।
- **100% ਦੇਖਭਾਲ ਲਾਭ ਅਤੇ ਮੁਆਵਜ਼ਾ** ਤੁਹਾਨੂੰ ਮਿਲਦਾ ਹੈ।
- ਅਪਰਾਧਿਕ ਕੋਡ ਅਪਰਾਧਾਂ ਨੂੰ ਛੱਡ ਕੇ ਤੁਸੀਂ **ਮੁਕੱਦਮਾ ਨਹੀਂ ਕਰ ਸਕਦੇ**।

MAY 2021
01

## ਕਲੇਮ ਘਟਨਾਵਾਂ ਜੋ 1 ਮਈ 2021 ਤੋਂ ਪਹਿਲਾਂ ਵਾਪਰੀਆਂ ਹਨ

ਇਨਹਾਂਸਡ ਕੇਅਰ ਆਪਣੇ ਆਪ ਹੀ 1 ਮਈ, 2021 ਤੋਂ ਲਾਗੂ ਹੋਵੇਗੀ। ਇਸ ਦਾ ਅਰਥ ਇਹ ਹੈ ਕਿ 30 ਅਪ੍ਰੈਲ, 2021 ਨੂੰ ਜਾਂ ਇਸ ਤੋਂ ਪਹਿਲਾਂ ਵਾਪਰੀ ਕਿਸੇ ਘਟਨਾ ਲਈ ਆਈ ਸੀ ਬੀ ਸੀ ਨੂੰ ਰਿਪੋਰਟ ਕੀਤਾ ਗਿਆ ਹਰ ਇੰਸ਼ੋਰੈਂਸ ਕਲੇਮ ਪਹਿਲਾਂ ਦੇ ਸਿਸਟਮ ਦੇ ਨਿਯਮਾਂ ਦੀ ਪਾਲਣਾ ਕਰੇਗਾ ਅਤੇ ਇਨਹਾਂਸਡ ਕੇਅਰ ਦੇ ਅਧੀਨ ਨਹੀਂ ਆਵੇਗਾ।

# ਅਫੋਰਡੇਬਿਲੀਟੀ (ਕਿਫਾਇਤੀ)

ਇਨਹਾਂਸਡ ਕੇਅਰ ਤੁਹਾਡੇ ਇੰਸ਼ੋਰੈਂਸ ਪ੍ਰੀਮੀਅਮਾਂ ਨੂੰ ਕਿਫਾਇਤੀ ਅਤੇ ਜ਼ਿਆਦਾ ਸਥਿਰ ਬਣਾਉਣ ‘ਤੇ ਕੇਂਦਰਿਤ ਹੈ। ਪਹਿਲੀ ਵਾਰ ਜਦੋਂ ਤੁਸੀਂ ਇਨਹਾਂਸਡ ਕੇਅਰ ਅਧੀਨ ਰਿਨਿਊ ਕਰੋਗੇ, ਤਾਂ ਤੁਸੀਂ ਪਿਛਲੇ ਸਾਲ ਦੇ ਮੁਕਾਬਲੇ ਆਪਣੀ ਪੂਰੀ ਆਈ ਸੀ ਬੀ ਸੀ ਕਵਰੇਜ (ਬੇਸਿਕ ਅਤੇ ਆਪਸ਼ਨਲ) ’ਤੇ ਔਸਤਨ ਲਗਭਗ 20% ਬਚਾਉਣ ਦੀ ਉਮੀਦ ਕਰ ਸਕੋਗੇ। ਦੇਖਭਾਲ-ਆਧਾਰਿਤ ਇੰਸ਼ੋਰੈਂਸ ਸਿਸਟਮ ਵਿੱਚ ਜਾਣ ਦਾ ਮਤਲਬ ਇਹ ਨਹੀਂ ਕਿ ਭਵਿੱਖ ਵਿਚ ਆਈ ਸੀ ਬੀ ਸੀ ਰੇਟਾਂ ਵਿੱਚ ਤਬਦੀਲੀਆਂ ਕਰਨ ਦੀ ਜ਼ਰੂਰਤ ਨਹੀਂ ਪਵੇਗੀ, ਪਰ ਸਾਡਾ ਉਦੇਸ਼ ਇਹ ਹੈ ਕਿ ਕੋਈ ਵੀ ਜ਼ਰੂਰੀ ਵਾਧਾ ਜਿੰਨਾ ਸੰਭਵ ਹੋ ਸਕੇ ਮਹਿੰਗਾਈ ਦੀ ਦਰ ਦੇ ਨੇੜੇ ਹੋਵੇ।

1 ਮਈ, 2021 ਨੂੰ ਸਾਰੇ ਬੀ.ਸੀ. ਡਰਾਈਵਰ ਆਪਣੇ ਆਪ ਹੀ ਇਨਹਾਂਸਡ ਕੇਅਰ ਕਵਰੇਜ ਵਿੱਚ ਤਬਦੀਲ ਹੋ ਜਾਣਗੇ।

**ਯੋਗ ਗਾਹਕ ਮਈ ਦੇ ਅੱਧ ਅਤੇ ਜੁਲਾਈ 2021 ਦੇ ਵਿਚਕਾਰ ਪ੍ਰੋ-ਰੇਟਡ ਰਿਫੰਡ ਪ੍ਰਾਪਤ ਕਰਨ ਦੀ ਉਮੀਦ ਕਰ ਸਕਦੇ ਹਨ।**

- ਜੇ ਤੁਸੀਂ ਪੇਮੈਂਟ ਪਲੈਨ ਦੁਆਰਾ ਆਪਣਾ ਇੰਸ਼ੋਰੈਂਸ ਖਰੀਦਦੇ ਹੋ, ਤਾਂ ਇਹ ਰਿਫੰਡ ਤੁਹਾਡੇ ਮਹੀਨਾਵਾਰ ਪ੍ਰੀਮੀਅਮ ਨੂੰ ਘੱਟ ਕਰਨ ਲਈ ਵਰਤਿਆ ਜਾਵੇਗਾ।

- ਜੇ ਤੁਸੀਂ ਪੂਰੇ ਸਾਲ ਲਈ ਨਕਦ, ਕ੍ਰੈਡਿਟ ਜਾਂ ਡੈਬਿਟ ਦੁਆਰਾ ਅਪਫਰੰਟ ਅਦਾਇਗੀ ਕੀਤੀ ਹੈ, ਤਾਂ ਤੁਹਾਨੂੰ ਰਿਫੰਡ ਪ੍ਰਾਪਤ ਹੋਏਗਾ।

ਤੁਹਾਡੀ ਰਿਫੰਡ ਦੀ ਮਾਤਰਾ ਉਨੇ ਸਮੇਂ ਲਈ ਤੁਹਾਡੀ ਮੌਜੂਦਾ ਇੰਸ਼ੋਰੈਂਸ ਪਾਲਿਸੀ ਲਈ ਪਿਛਲੇ ਰਿਨਿਊਅਲ ਸਮੇਂ ਕੀਤੇ ਭੁਗਤਾਨ ਅਤੇ ਨਵੇਂ ਇਨਹਾਂਸਡ ਕੇਅਰ ਦੇ ਘੱਟ ਰੇਟ ਦਾ ਅੰਤਰ ਹੋਵੇਗੀ, ਜਿੰਨੇ ਸਮੇਂ ਲਈ ਤੁਹਾਡੀ ਮੌਜੂਦਾ ਪਾਲਿਸੀ 1 ਮਈ ਤੋਂ ਬਾਦ ਰਹਿੰਦੀ ਹੋਵੇਗੀ।

# ਬੇਸਿਕ ਇੰਸ਼ੋਰੈਂਸ

ਬੀ.ਸੀ. ਵਿਚ ਵਾਹਨ ਚਲਾਉਣ ਲਈ ਆਈ ਸੀ ਬੀ ਸੀ ਦੀ ਬੇਸਿਕ ਕਵਰੇਜ ਹੋਣਾ ਲਾਜ਼ਮੀ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਸੜਕਾਂ ਦੀ ਵਰਤੋਂ ਕਰਨ ਵਾਲੇ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀ ਲੋੜੀਂਦੀ ਕਵਰੇਜ ਨਾਲ ਸੁਰੱਖਿਅਤ ਹਨ। ਇਨਹਾਂਸਡ ਕੇਅਰ ਦੇ ਤਹਿਤ ਤੁਹਾਡੀ ਬੇਸਿਕ ਇੰਸ਼ੋਰੈਂਸ ਪਹਿਲਾਂ ਨਾਲੋਂ ਵੀ ਵਧੀਆ ਹੈ।

ਤੁਹਾਡੀ ਬੇਸਿਕ ਇੰਸ਼ੋਰੈਂਸ ਪਾਲਿਸੀ ਵਿੱਚ ਸ਼ਾਮਲ ਕੁਝ ਕਵਰੇਜ ਹੇਠਾਂ ਦਿੱਤੇ ਗਏ ਹਨ। ਕਵਰੇਜਾਂ ਦੀ ਪੂਰੀ ਸੂਚੀ ਲਈ ਆਪਣੇ ਆਟੋਪਲੈਨ ਬਰੋਕਰ, icbc.com ਜਾਂ ਆਟੋਪਲੈਨ ਇੰਸ਼ੋਰੈਂਸ ਗਾਈਡ ਵੇਖੋ।

## ਇਨਹਾਂਸਡ ਐਕਸੀਡੈਂਟ ਲਾਭ

ਜੇ ਤੁਸੀਂ ਕਿਸੇ ਟੱਕਰ ਵਿੱਚ ਜ਼ਖਮੀ ਹੋ ਜਾਂਦੇ ਹੋ ਤਾਂ ਤੁਹਾਡੀ ਪਾਲਿਸੀ ਦੇ ਇਨਹਾਂਸਡ ਐਕਸੀਡੈਂਟ ਲਾਭ (ਫਸਟ ਪਾਰਟੀ ਕਵਰੇਜ) ਤੁਹਾਡੀ ਸਿਹਤਯਾਬੀ ਵਿੱਚ ਸਹਾਇਤਾ ਲਈ ਡਾਕਟਰੀ ਦੇਖਭਾਲ ਅਤੇ ਇਲਾਜਾਂ ਲਈ ਭੁਗਤਾਨ ਕਰਨਗੇ। ਇਸ ਵਿੱਚ ਉਸ ਸਮੇਂ ਲਈ ਇਨਕਮ ਰਿਪਲੇਸਮੈਂਟ ਲਾਭ ਵੀ ਹਨ, ਜਦ ਤੁਸੀਂ ਸੱਟ ਲੱਗਣ ਕਾਰਨ ਕੰਮ 'ਤੇ ਨਹੀਂ ਜਾ ਸਕਦੇ।

ਜਦ ਤੱਕ ਤੁਹਾਨੂੰ ਜ਼ਰੂਰਤ ਹੈ, ਉਦੋਂ ਤੱਕ ਲੋੜੀਂਦੀਆਂ ਸੇਵਾਵਾਂ ਅਤੇ ਰਿਕਵਰੀ ਲਾਭਾਂ ਤੱਕ ਪਹੁੰਚ ਵਿੱਚ ਮਦਦ ਲਈ ਆਈ ਸੀ ਬੀ ਸੀ ਦਾ ਸਟਾਫ, ਤੁਹਾਡੇ ਅਤੇ ਤੁਹਾਡੇ ਡਾਕਟਰ ਨਾਲ ਅਤੇ ਤੁਹਾਨੂੰ ਸਿਹਤ ਸੰਭਾਲ ਦੇਣ ਵਾਲਿਆਂ ਨਾਲ ਕੰਮ ਕਰੇਗਾ। ਜੇ ਤੁਸੀਂ ਜ਼ਖਮੀ ਹੋ, ਤਾਂ ਤੁਹਾਡਾ ਆਈ ਸੀ ਬੀ ਸੀ ਪ੍ਰਤੀਨਿਧ ਤੁਹਾਨੂੰ ਉਪਲਬਧ ਲਾਭਾਂ ਬਾਰੇ ਦੱਸੇਗਾ। ਟੱਕਰ ਤੋਂ ਬਾਅਦ ਕਿਹੜੇ ਇਨਹਾਂਸਡ ਐਕਸੀਡੈਂਟ ਲਾਭ ਉਪਲਬਧ ਹਨ, ਬਾਰੇ ਵਧੇਰੇ ਜਾਣਕਾਰੀ ਲਈ icbc.com 'ਤੇ ਜਾਓ।

## ਜੇ ਤੁਸੀਂ ਕਿਸੇ ਟੱਕਰ ਵਿਚ ਜ਼ਖਮੀ ਹੋ ਜਾਂਦੇ ਹੋ:

ਤੁਹਾਡਾ ਡਾਕਟਰ ਜਾਂ ਮੈਡੀਕਲ ਪ੍ਰੈਕਟੀਸ਼ਨਰ ਤੁਹਾਡੀ ਦੇਖਭਾਲ ਨਿਰਧਾਰਤ ਕਰੇਗਾ - ਆਈ ਸੀ ਬੀ ਸੀ ਨਹੀਂ।

ਤੁਹਾਡੇ ਚੁਣੇ ਸਿਹਤ ਸੰਭਾਲ ਦੇਣ ਵਾਲੇ ਜਿਵੇਂ ਫਿਜ਼ੀਓਥੈਰਾਪਿਸਟ ਅਤੇ ਕਾਇਰੋਪ੍ਰੈਕਟਰਜ਼ ਵੀ ਤੁਹਾਡੀ ਰਿਕਵਰੀ ਯੋਜਨਾ ਵਿੱਚ ਮਦਦ ਕਰ ਸਕਦੇ ਹਨ।

ਆਈ ਸੀ ਬੀ ਸੀ ਦਾ ਸਟਾਫ ਇਹ ਸਮਝਣ ਲਈ ਤੁਹਾਡੇ ਅਤੇ ਤੁਹਾਡੀ ਦੇਖਭਾਲ ਟੀਮ ਨਾਲ ਕੰਮ ਕਰੇਗਾ ਕਿ ਤੁਹਾਡੀਆਂ ਸੱਟਾਂ ਤੁਹਾਡੀ ਜ਼ਿੰਦਗੀ ਨੂੰ ਕਿਵੇਂ ਪ੍ਰਭਾਵਿਤ ਕਰ ਰਹੀਆਂ ਹਨ ਅਤੇ ਸੇਵਾਵਾਂ ਅਤੇ ਰਿਕਵਰੀ ਲਾਭ ਦੀ ਵਰਤੋਂ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਸਭ ਤੋਂ ਵਧੀਆ ਕੀ ਹੈ।

ਸਿਹਤ ਸੰਭਾਲ ਦੇਣ ਵਾਲੇ ਅਪ-ਟੂ-ਡੇਟ ਅਤੇ ਸਬੂਤ-ਆਧਾਰਿਤ ਖੋਜ ਰਾਹੀਂ ਇਲਾਜ ਦੁਆਰਾ ਤੁਹਾਡੀ ਰਿਕਵਰੀ ਵਿੱਚ ਮਦਦ ਕਰਨਗੇ ਜਦ ਤੁਸੀਂ ਬਿਹਤਰ ਰਿਕਵਰੀ ਲਈ ਕੰਮ ਕਰ ਰਹੇ ਹੋਵੋ।

# ਬੇਸਿਕ ਵਹੀਕਲ ਡੈਮੇਜ ਕਵਰੇਜ

ਫਸਟ ਪਾਰਟੀ ਕਵਰੇਜ ਵਿੱਚ ਜਾਣ ਦੇ ਨਤੀਜੇ ਵਜੋਂ, ਬੇਸਿਕ ਵਹੀਕਲ ਡੈਮੇਜ ਕਵਰੇਜ (ਨੁਕਸਾਨ ਦੀ ਕਵਰੇਜ) ਤੁਹਾਡੇ ਵਾਹਨ ਦੀ ਮੁਰੰਮਤ ਦੇ ਖਰਚਿਆਂ ਦਾ ਭੁਗਤਾਨ ਕਰਨ ਦੇ ਤਰੀਕੇ ਵਿੱਚ ਤਬਦੀਲੀ ਦਰਸਾਉਂਦੀ ਹੈ, ਜਦੋਂ ਤੁਸੀਂ ਟੱਕਰ ਲਈ ਜ਼ਿੰਮੇਵਾਰ ਨਹੀਂ ਹੁੰਦੇ। ਇਹ ਇਸ ਤਰਾਂ ਕੰਮ ਕਰਦਾ ਹੈ: ਜੇ ਤੁਸੀਂ ਬੀ.ਸੀ. ਵਿੱਚ ਗੱਡੀ ਚਲਾ ਰਹੇ ਹੋ ਅਤੇ ਕੋਈ ਹੋਰ ਡਰਾਈਵਰ ਤੁਹਾਡੀ ਗੱਡੀ ਵਿੱਚ ਟੱਕਰ ਮਾਰ ਦਿੰਦਾ ਹੈ, ਤਾਂ ਤੁਹਾਡੀ ਆਪਣੀ ਬੇਸਿਕ ਵਹੀਕਲ ਡੈਮੇਜ ਕਵਰੇਜ ਤੁਹਾਡੇ ਖਰਚਿਆਂ ਨੂੰ ਇਸ ਹੱਦ ਤਕ ਕਵਰ ਕਰੇਗੀ ਕਿ ਤੁਸੀਂ ਟੱਕਰ ਲਈ ਜ਼ਿੰਮੇਵਾਰ ਨਹੀਂ ਹੋ।

ਜਦੋਂ ਤੁਸੀਂ ਵਹੀਕਲ ਡੈਮੇਜ ਕਲੇਮ ਕਰੋਗੇ ਤਾਂ ਤੁਹਾਨੂੰ ਕੋਈ ਤਬਦੀਲੀ ਨਜ਼ਰ ਨਹੀਂ ਆਵੇਗੀ। ਤੁਸੀਂ ਇਹ ਜਾਣ ਕੇ ਨਿਸ਼ਚਿੰਤ ਹੋ ਸਕਦੇ ਹੋ ਕਿ ਜਦੋਂ ਤੁਸੀਂ ਟੱਕਰ ਲਈ ਜ਼ਿੰਮੇਵਾਰ ਨਹੀਂ ਹੋ, ਤਾਂ ਤੁਹਾਡੀ ਬੇਸਿਕ ਕਵਰੇਜ ਤੁਹਾਨੂੰ $200,000 ਤੱਕ ਕਵਰ ਕਰੇਗੀ ਅਤੇ ਤੁਹਾਡੇ ਇੰਸ਼ੋਰੈਂਸ ਪ੍ਰੀਮੀਅਮ ‘ਤੇ ਕੋਈ ਅਸਰ ਨਹੀਂ ਪਵੇਗਾ। ਇਹ ਕਵਰੇਜ ਸੀਮਾ ਸੂਬੇ ਵਿੱਚ 99% ਵਾਹਨਾਂ ਦੀ ਮੁਰੰਮਤ ਜਾਂ ਬਦਲਾਅ ਲਈ ਕਾਫ਼ੀ ਹੈ।

**ਕੀ ਤੁਸੀ ਜਾਣਦੇ ਹੋ ?**

- ਬੇਸਿਕ ਵਹੀਕਲ ਡੈਮੇਜ ਕਵਰੇਜ ਦੇ ਤਹਿਤ ਬਹੁਤੇ ਵਾਹਨ ਮਾਲਕ ਆਪਣੇ ਵਾਹਨ ਕਵਰ ਹੋਣ ਦੇ ਤਰੀਕੇ ਵਿੱਚ ਕੋਈ ਤਬਦੀਲੀ ਨਹੀਂ ਵੇਖਣਗੇ।
- ਬੇਸਿਕ ਵਹੀਕਲ ਡੈਮੇਜ ਕਵਰੇਜ ਦੇ ਤਹਿਤ ਕਲੇਮ ਕਰਨਾ ਤੁਹਾਡੇ ਇੰਸ਼ੋਰੈਂਸ ਪ੍ਰੀਮੀਅਮ ‘ਤੇ ਕੋਈ ਅਸਰ ਨਹੀਂ ਪਾਏਗਾ।



# ਗੰਭੀਰ ਅਤੇ ਜੀਵਨ ਬਦਲਣ ਵਾਲੀਆਂ ਸੱਟਾਂ

ਇਨਹਾਂਸਡ ਕੇਅਰ ਉਨ੍ਹਾਂ ਦੀ ਦੇਖਭਾਲ ਲਈ ਤਿਆਰ ਕੀਤੀ ਗਈ ਹੈ ਜੋ ਟੱਕਰ ਹੋਣ ਤੋਂ ਬਾਅਦ ਗੰਭੀਰ ਰੂਪ ਵਿੱਚ ਜ਼ਖਮੀ ਹੋ ਜਾਂਦੇ ਹਨ। ਜੇ ਤੁਹਾਡੀਆਂ ਸੱਟਾਂ ਜ਼ਿੰਦਗੀ ਬਦਲ ਦੇਣ ਵਾਲੀਆਂ ਹਨ ਅਤੇ ਤੁਹਾਨੂੰ ਕੰਮ ’ਤੇ ਵਾਪਸ ਜਾਣ ਜਾਂ ਆਪਣੀ ਆਮ ਜ਼ਿੰਦਗੀ ਬਸਰ ਕਰਨ ਤੋਂ ਰੋਕਦੀਆਂ ਹਨ ਤਾਂ ਤੁਹਾਨੂੰ ਦੇਖਭਾਲ ਅਤੇ ਇਨਕਮ ਰਿਪਲੇਸਮੈਂਟ ਲਾਭ ਦੀ ਸਹਾਇਤਾ ਮਿਲੇਗੀ, ਜਿੰਨਾ ਚਿਰ ਤੁਹਾਨੂੰ ਉਨ੍ਹਾਂ ਦੀ ਜ਼ਰੂਰਤ ਹੋਏਗੀ। ਸਮੇਂ ਨਾਲ ਜਿਵੇਂ ਜਿਵੇਂ ਤੁਹਾਡੀਆਂ ਲੋੜਾਂ ਬਦਲਣਗੀਆਂ, ਆਈ ਸੀ ਬੀ ਸੀ ਤੁਹਾਡੇ ਅਤੇ ਤੁਹਾਡੇ ਡਾਕਟਰ ਨਾਲ ਤੁਹਾਨੂੰ ਸਿਹਤ ਸੰਭਾਲ ਦੇਣ ਵਾਲਿਆਂ ਨਾਲ ਕੰਮ ਕਰਨ ਲਈ ਮੌਜੂਦ ਹੋਏਗੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਨੂੰ ਲੋੜੀਂਦੀ ਦੇਖਭਾਲ ਅਤੇ ਸਹਾਇਤਾ ਮਿਲੇ।



# ਬੇਸਿਕ ਥਰਡ ਪਾਰਟੀ ਲਾਇਬਿਲਿਟੀ (ਬੇਸਿਕ ਤੀਜੀ ਧਿਰ ਦੀ ਜ਼ਿੰਮੇਵਾਰੀ)

ਬੇਸਿਕ ਤੀਜੀ-ਧਿਰ ਦੀ ਜ਼ਿੰਮੇਵਾਰੀ ਤੁਹਾਡੀ ਰੱਖਿਆ ਕਰਦੀ ਹੈ ਜਦੋਂ ਤੁਸੀਂ ਕਿਸੇ ਟੱਕਰ ਲਈ ਜ਼ਿੰਮੇਵਾਰ ਹੁੰਦੇ ਹੋ ਅਤੇ ਦੂਜੀ ਪਾਰਟੀ (ਧਿਰ) ਤੁਹਾਡੇ ਵਿਰੁੱਧ ਉਨ੍ਹਾਂ ਦੀਆਂ ਸੱਟਾਂ ਜਾਂ ਉਨ੍ਹਾਂ ਦੇ ਵਾਹਨ ਜਾਂ ਜਾਇਦਾਦ ਨੂੰ ਹੋਏ ਨੁਕਸਾਨ ਦੀ ਅਦਾਇਗੀ ਕਰਨ ਦਾ ਕਲੇਮ ਕਰਦੀ ਹੈ।
ਨਵੇਂ ਸਿਸਟਮ ਦੇ ਤਹਿਤ ਜੇ ਤੁਹਾਡੀ ਬੀ.ਸੀ. ਵਿੱਚ ਟੱਕਰ ਹੋਈ ਹੈ ਤਾਂ ਬਹੁਗਿਣਤੀ ਮਾਮਲਿਆਂ ਵਿੱਚ ਕਾਨੂੰਨੀ ਕਾਰਵਾਈ ਜ਼ਰੂਰੀ ਨਹੀਂ ਹੋਵੇਗੀ। ਇਹ ਇਸ ਲਈ ਹੈ ਕਿਉਂਕਿ ਜ਼ਖਮੀ ਹੋਏ ਹਰੇਕ ਵਿਅਕਤੀ ਨੂੰ ਟੱਕਰ ਤੋਂ ਬਾਦ ਦੇਖਭਾਲ ਅਤੇ ਇਨਕਮ ਰਿਪਲੇਸਮੈਂਟ ਤੱਕ ਪਹੁੰਚ ਹੋਵੇਗੀ, ਜਿਸ ਦੀ ਉਹਨਾਂ ਨੂੰ ਟੱਕਰ ਤੋਂ ਬਾਅਦ ਜ਼ਰੂਰਤ ਹੈ। ਇਸ ਤੋਂ ਇਲਾਵਾ ਬੀ.ਸੀ ਦੇ ਬਹੁਤੇ ਡਰਾਈਵਰ ਜਿਨ੍ਹਾਂ ਦੇ ਵਾਹਨ ਦੂਜੇ ਵਾਹਨਾਂ ਦੁਆਰਾ ਨੁਕਸਾਨੇ ਜਾਣਗੇ, ਬੇਸਿਕ ਵਹੀਕਲ ਡੈਮੇਜ ਕਵਰੇਜ ਤੱਕ ਪਹੁੰਚ ਦੇ ਯੋਗ ਹੋਣਗੇ।

ਪਿਛਲੇ ਇੰਸ਼ੋਰੈਂਸ ਸਿਸਟਮ ਵਾਂਗ ਇਨਹਾਂਸਡ ਕੇਅਰ ਅਧੀਨ ਬੇਸਿਕ ਤੀਜੀ-ਧਿਰ ਦੀ ਜ਼ਿੰਮੇਵਾਰੀ ਟੱਕਰ ਹੋ ਜਾਣ ਦੀ ਸਥਿਤੀ ਵਿੱਚ ਤੁਹਾਡੀ ਰੱਖਿਆ ਲਈ $200,000 ਤੱਕ ਦੀ ਕਵਰੇਜ ਪ੍ਰਦਾਨ ਕਰਨਾ ਜਾਰੀ ਰੱਖੇਗੀ।

ਟੱਕਰ ਹੋਣ ਦੇ ਖਰਚੇ ਵੱਧ ਸਕਦੇ ਹਨ। ਜੇ ਤੁਸੀਂ ਇਸ ਹਾਲਤ ਤੋਂ ਬਚਣ ਲਈ ਕਿ ਕਿਤੇ ਦੂਸਰੀ ਧਿਰ ਦਾ ਕਲੇਮ ਤੁਹਾਡੀ ਬੁਨਿਆਦੀ ਕਵਰੇਜ ਦੀ $200,000 ਦੀ ਸੀਮਾ ਤੋਂ ਵੱਧ ਨਾ ਜਾਵੇ, ਆਪਣੀ ਤੀਜੀ-ਧਿਰ ਦੀ ਜ਼ਿੰਮੇਵਾਰੀ ਦੀ ਕਰਵੇਜ ਵਧਾਉਣਾ ਚਾਹੁੰਦੇ ਹੋ, ਤਾਂ ਆਈ ਸੀ ਬੀ ਸੀ ਦੀ ਆਪਸ਼ਨਲ ਤੀਜੀ-ਧਿਰ ਦੀ ਜ਼ਿੰਮੇਵਾਰੀ ਦੀ ਕਵਰੇਜ (Optional Extended Third Party Liability coverage) ਖਰੀਦਣ ਬਾਰੇ ਆਪਣੇ ਆਟੋਪਲੈਨ ਬਰੋਕਰ ਨਾਲ ਗੱਲ ਕਰੋ।

**ਤੀਜੀ-ਧਿਰ ਦੀ ਜ਼ਿੰਮੇਵਾਰੀ ਹਾਲੇ ਵੀ ਇਹਨਾਂ ਹਾਲਾਤਾਂ ਵਿੱਚ ਲੋੜੀਂਦੀ ਹੋਵੇਗੀ, ਜਿਵੇਂ ਕਿ:**

- ਬੀ.ਸੀ. ਤੋਂ ਬਾਹਰ ਗੱਡੀ ਚਲਾਉਂਦੇ ਸਮੇਂ ਤੁਸੀਂ ਕਿਸੇ ਹੋਰ ਦੇ ਵਾਹਨ ਨੂੰ ਨੁਕਸਾਨ ਪਹੁੰਚਾਉਂਦੇ ਹੋ।
- ਬੀ.ਸੀ. ਤੋਂ ਬਾਹਰ ਗੱਡੀ ਚਲਾਉਂਦੇ ਸਮੇਂ ਤੁਸੀਂ ਕਿਸੇ ਨੂੰ ਸੱਟ ਮਾਰਦੇ ਹੋ।
- ਵਾਹਨ ਚਲਾਉਣ ਵੇਲੇ ਵਾਹਨ ਤੋਂ ਇਲਾਵਾ ਤੁਸੀਂ ਕਿਸੇ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਂਦੇ ਹੋ (ਉਦਾਹਰਣ ਵਜੋਂ, ਤੁਸੀਂ ਕਿਸੇ ਇਮਾਰਤ, ਫੈਂਸ ਜਾਂ ਸਾਈਕਲ ਸਵਾਰ ਦੀ ਸਾਈਕਲ ਨੂੰ ਟੱਕਰ ਮਾਰਦੇ ਹੋ)
- ਤੁਸੀਂ ਕਿਸੇ ਹੋਰ ਡਰਾਈਵਰ ਦੇ ਵਾਹਨ ਦੇ ਅੰਦਰ ਦੀ ਸਮਗੱਰੀ ਨੂੰ ਨੁਕਸਾਨ ਪਹੁੰਚਾਉਂਦੇ ਹੋ।

**ਕੀ ਤੁਸੀ ਜਾਣਦੇ ਹੋ ?**

ਜੇ ਤੁਸੀਂ ਟੱਕਰ ਲਈ ਜ਼ਿੰਮੇਵਾਰ ਡਰਾਈਵਰ ਹੋ ਤਾਂ ਤੁਹਾਨੂੰ ਇਹ ਜਾਣਦਿਆਂ ਸਕੂਨ ਮਿਲੇਗਾ ਕਿ ਟੱਕਰ ਵਿੱਚ ਜ਼ਖਮੀ ਹੋਇਆ ਕੋਈ ਵੀ ਵਿਅਕਤੀ ਜਾਂ ਜਿਸ ਦਾ ਵਾਹਨ ਤੁਸੀਂ ਨੁਕਸਾਨਿਆ ਹੈ, ਉਹ ਤੁਹਾਡੇ ਵਿਰੁੱਧ ਕਾਨੂੰਨੀ ਕਾਰਵਾਈ ਨਹੀਂ ਕਰੇਗਾ।



# ਤੁਹਾਨੂੰ ਪਹਿਲ ਦੇਣਾ

ਟੱਕਰ ਤੋਂ ਬਾਅਦ ਬੇਸਿਕ ਜਾਂ ਲਾਜ਼ਮੀ ਕਵਰੇਜ ਦਾ ਕੰਮ ਕਰਨ ਦਾ ਤਰੀਕਾ ਬਦਲ ਗਿਆ ਹੈ। ਹੁਣ ਤੁਹਾਡੇ ਕੋਲ ਜ਼ਿਆਦਾ ਫਸਟ-ਪਾਰਟੀ ਕਵਰੇਜ ਹੈ।

## ਥਰਡ ਪਾਰਟੀ ਕਵਰੇਜ:

ਜੇ ਤੁਸੀਂ ਟੱਕਰ ਕਰਦੇ ਹੋ, ਤਾਂ ਤੁਹਾਡੀ ਬੇਸਿਕ ਇੰਸ਼ੋਰੈਂਸ ਦੂਜੇ ਵਿਅਕਤੀ ਦੀਆਂ ਸੱਟਾਂ ਜਾਂ ਉਸ ਦੇ ਵਾਹਨ ਜਾਂ ਜਾਇਦਾਦ ਨੂੰ ਹੋਏ ਨੁਕਸਾਨ ਦਾ ਭੁਗਤਾਨ ਕਰਦੀ ਹੈ।

## ਫਸਟ ਪਾਰਟੀ ਕਵਰੇਜ:

ਜੇ ਤੁਹਾਡੀ ਟੱਕਰ ਹੁੰਦੀ ਹੈ ਤਾਂ ਤੁਹਾਡੀ ਬੇਸਿਕ ਇੰਸ਼ੋਰੈਂਸ ਤੁਹਾਡੀਆਂ ਸੱਟਾਂ ਦਾ ਭੁਗਤਾਨ ਕਰਦੀ ਹੈ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਟੱਕਰ ਕਿਸ ਨੇ ਕੀਤੀ ਹੈ ਅਤੇ ਤੁਹਾਨੂੰ ਲੋੜ ਅਨੁਸਾਰ ਪਹਿਲਾਂ ਤੋਂ ਵੀ ਵੱਧ ਦੇਖਭਾਲ ਉਪਲਬਧ ਹੁੰਦੀ ਹੈ। ਜੇ ਤੁਹਾਡੀ ਗੱਡੀ ਦਾ ਨੁਕਸਾਨ ਹੁੰਦਾ ਹੈ ਅਤੇ ਇਸ ਵਿੱਚ ਤੁਹਾਡਾ ਕਸੂਰ ਨਹੀਂ ਹੈ, ਤੁਹਾਡੀ ਬੇਸਿਕ ਕਵਰੇਜ ਗੱਡੀ ਦੇ ਨੁਕਸਾਨ ਦਾ ਵੀ ਭੁਗਤਾਨ ਕਰੇਗੀ।

**ਪਹਿਲੀ ਧਿਰ**

ਐਕਸੀਡੈਂਟ ਲਾਭ
ਵੱਧ ਤੋਂ ਵੱਧ
**$300 ਹਜ਼ਾਰ**
ਮੈਡੀਕਲ ਅਤੇ ਰੀਹੈਬ

**ਤੀਜੀ ਧਿਰ**

ਕਵਰ ਕਰਦੀ ਹੈ:
ਸੱਟ, ਵਹੀਕਲ ਦਾ ਨੁਕਸਾਨ
ਅਤੇ ਪ੍ਰਾਪਰਟੀ ਦਾ ਨੁਕਸਾਨ

**ਪਹਿਲਾਂ ਦਾ ਸਿਸਟਮ**

**ਡਰਾਈਵਰ ਜੋ ਟੱਕਰ ਦਾ ਕਾਰਨ ਬਣਦੇ ਹਨ**

- ਤੁਸੀਂ ਜ਼ਿਆਦਾ ਪ੍ਰੀਮੀਅਮ ਅਦਾ ਕਰਦੇ ਹੋ
- ਤੁਹਾਡੀ ਪਾਲਿਸੀ ਦੂਜੇ ਡਰਾਈਵਰ ਦੇ ਕਲੇਮ ਨੂੰ ਕਵਰ ਕਰਦੀ ਹੈ

**ਡਰਾਈਵਰ ਜੋ ਟੱਕਰ ਦਾ ਕਾਰਨ ਨਹੀਂ ਹਨ**

- ਤੁਹਾਡੇ ਪ੍ਰੀਮੀਅਮ ਟੱਕਰ ਦੁਅਰਾ ਪ੍ਰਭਾਵਿਤ ਨਹੀਂ ਹੁੰਦੇ
- ਤੁਹਾਡਾ ਕਲੇਮ ਟੱਕਰ ਲਈ ਜ਼ਿੰਮੇਵਾਰ ਡਰਾਈਵਰ ਦੀ ਪਾਲਿਸੀ ਦੁਆਰਾ ਕਵਰ ਹੁੰਦਾ ਹੈ

**ਇਹਨਾਂ ਹਾਲਾਤਾਂ ਵਿੱਚ ਤੁਹਾਨੂੰ ਤੀਜੀ-ਧਿਰ ਦੀ ਜ਼ਿੰਮੇਵਾਰੀ ਹਾਲੇ ਵੀ ਲੋੜੀਂਦੀ ਹੋਵੇਗੀ:**

- ਬੀ.ਸੀ. ਤੋਂ ਬਾਹਰ ਗੱਡੀ ਚਲਾਉਂਦੇ ਸਮੇਂ ਤੁਸੀਂ ਕਿਸੇ ਹੋਰ ਦੇ ਵਾਹਨ ਨੂੰ ਨੁਕਸਾਨ ਪਹੁੰਚਾਉਂਦੇ ਹੋ।
- ਬੀ.ਸੀ. ਤੋਂ ਬਾਹਰ ਗੱਡੀ ਚਲਾਉਂਦੇ ਸਮੇਂ ਤੁਸੀਂ ਕਿਸੇ ਨੂੰ ਸੱਟ ਮਾਰਦੇ ਹੋ।
- ਵਾਹਨ ਚਲਾਉਣ ਵੇਲੇ ਵਾਹਨ ਤੋਂ ਇਲਾਵਾ ਤੁਸੀਂ ਕਿਸੇ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਂਦੇ ਹੋ (ਉਦਾਹਰਣ ਵਜੋਂ, ਤੁਸੀਂ ਕਿਸੇ ਇਮਾਰਤ, ਫੈਂਸ ਜਾਂ ਸਾਈਕਲ ਸਵਾਰ ਦੀ ਸਾਈਕਲ ਨੂੰ ਟੱਕਰ ਮਾਰਦੇ ਹੋ)
- ਤੁਸੀਂ ਕਿਸੇ ਹੋਰ ਡਰਾਈਵਰ ਦੇ ਵਾਹਨ ਦੇ ਅੰਦਰ ਦੀ ਸਮਗੱਰੀ ਨੂੰ ਨੁਕਸਾਨ ਪਹੁੰਚਾਉਂਦੇ ਹੋ।

ਸੱਟ ਲੱਗਣ ਦੀ ਸਥਿਤੀ ਵਿੱਚ ਪਹਿਲੀ ਧਿਰ ਦੀ ਕਵਰੇਜ ਵਿੱਚ ਜਾਣ ਦਾ ਕਦਮ ਮਹੱਤਵਪੂਰਣ ਹੈ, ਕਿਉਂਕਿ ਇਹ ਯਕੀਨੀ ਬਣਾਉਂਦਾ ਹੈ ਕਿ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਕੋਲ ਦੇਖਭਾਲ ਅਤੇ ਰਿਕਵਰੀ ਲਾਭਾਂ ਲਈ ਇੱਕੋ ਜਿਹੀ ਪਹੁੰਚ ਹੈ, ਇਸ ਗੱਲ ਦੀ ਪ੍ਰਵਾਹ ਕੀਤੇ ਬਿਨਾਂ ਕਿ ਟੱਕਰ ਲਈ ਕੌਣ ਜ਼ਿੰਮੇਵਾਰ ਸੀ। ਸੰਖੇਪ ਵਿੱਚ ਤੁਹਾਨੂੰ ਹੁਣ ਜ਼ਿੰਮੇਵਾਰ ਡਰਾਈਵਰ ਦੀ ਇੰਸ਼ੋਰੈਂਸ ਕਵਰੇਜ 'ਤੇ ਨਿਰਭਰ ਨਹੀਂ ਹੋਣਾ ਪਏਗਾ।

ਹਮੇਸ਼ਾਂ ਵਾਂਗ, ਜੇ ਤੁਸੀਂ ਟੱਕਰ ਲਈ ਜ਼ਿੰਮੇਵਾਰ ਨਹੀਂ ਹੋ, ਤਾਂ ਸੱਟਾਂ ਅਤੇ ਵਾਹਨਾਂ ਦੇ ਨੁਕਸਾਨ ਕਾਰਨ ਤੁਹਾਡੇ ਪ੍ਰੀਮੀਅਮ ਨਹੀਂ ਵਧਣਗੇ।

**ਪਹਿਲੀ ਧਿਰ**

ਐਕਸੀਡੈਂਟ ਲਾਭ

**ਅਨਲਿਮਿਟਡ (ਅਸੀਮਤ)**

ਬੇਸਿਕ ਵਹੀਕਲ ਡੈਮੇਜ ਕਵਰੇਜ ਵਹੀਕਲ ਦੇ ਨੁਕਸਾਨ ਅਤੇ ਵਹੀਕਲ ਦੀ ਵਰਤੋਂ ਨਾ ਕਰ ਸਕਣ ਦੇ ਨੁਕਸਾਨ ਨੂੰ ਕਵਰ ਕਰਦੀ ਹੈ

**ਤੀਜੀ ਧਿਰ ਕਵਰ ਕਰਦੀ ਹੈ:**

ਸੱਟ ਅਤੇ ਪ੍ਰਾਪਰਟੀ ਨੁਕਸਾਨ ਪਹਿਲੀ ਧਿਰ ਦੀ ਕਵਰੇਜ ਦੁਆਰਾ ਕਵਰ ਨਹੀਂ ਹੁੰਦਾ

**ਇਨਹਾਂਸਡ ਕੇਅਰ**

**ਡਰਾਈਵਰ ਜੋ ਟੱਕਰ ਦਾ ਕਾਰਨ ਬਣਦੇ ਹਨ**

- ਤੁਸੀਂ ਜ਼ਿਆਦਾ ਪ੍ਰੀਮੀਅਮ ਅਦਾ ਕਰਦੇ ਹੋ
- ਬੇਸਿਕ ਇੰਸ਼ੋਰੈਂਸ ਇਨਹਾਂਸਡ ਐਕਸੀਡੈਂਟ ਲਾਭ ਪ੍ਰਦਾਨ ਕਰਦੀ ਹੈ

**ਡਰਾਈਵਰ ਜੋ ਟੱਕਰ ਦਾ ਕਾਰਨ ਨਹੀਂ ਹਨ**

- ਤੁਹਾਡੇ ਪ੍ਰੀਮੀਅਮ ਟੱਕਰ ਦੁਆਰਾ ਪ੍ਰਭਾਵਿਤ ਨਹੀਂ ਹੁੰਦੇ
- ਬੇਸਿਕ ਇੰਸ਼ੋਰੈਂਸ ਇਨਹਾਂਸਡ ਐਕਸੀਡੈਂਟ ਲਾਭ ਅਤੇ ਬੇਸਿਕ ਵਹੀਕਲ ਵਹੀਕਲ ਡੈਮੇਜ ਕਵਰੇਜ ਕਵਰੇਜ ਪ੍ਰਦਾਨ ਕਰਦੀ ਹੈ

# ਆਪਸ਼ਨਲ ਕਵਰੇਜ

ਆਪਸ਼ਨਲ ਕਵਰੇਜ ਪ੍ਰੋਡੱਕਟ ਡਰਾਈਵਿੰਗ ਕਰਦੇ ਸਮੇਂ ਤੁਹਾਨੂੰ ਖਤਰਿਆਂ ਤੋਂ ਵਧੇਰੇ ਸੁਰੱਖਿਆ ਪ੍ਰਦਾਨ ਕਰਦੇ ਹਨ। ਤੁਸੀਂ ਆਪਣੇ ਲਈ, ਆਪਣੇ ਵਾਹਨ ਲਈ, ਦੂਜਿਆਂ ਦੇ ਨੁਕਸਾਨ ਅਤੇ ਸੱਟਾਂ ਲਈ ਆਪਸ਼ਨਲ ਐਕਸਟੈਂਡਡ ਕਵਰੇਜ ਖਰੀਦ ਸਕਦੇ ਹੋ। ਇਨਹਾਂਸਡ ਕੇਅਰ ਦੇ ਤਹਿਤ ਕੁਝ ਆਪਸ਼ਨਲ ਕਵਰੇਜ ਬਦਲ ਰਹੇ ਹਨ। ਹੇਠਾਂ ਕੁਝ ਉਪਲਬਧ ਆਪਸ਼ਨਲ ਕਵਰੇਜਾਂ ਬਾਰੇ ਦੱਸਿਆ ਗਿਆ ਹੈ, ਪਰ ਇਨ੍ਹਾਂ ਤੋਂ ਬਿਨਾਂ ਹੋਰ ਵੀ ਕਈ ਆਪਸ਼ਨਲ ਕਵਰੇਜਾਂ ਉਪਲਬਧ ਹਨ। ਇਹ ਨਿਰਧਾਰਤ ਕਰਨ ਲਈ ਕਿ ਤੁਹਾਡੇ ਲਈ ਸਭ ਤੋਂ ਉੱਤਮ ਕਿਹੜਾ ਹੈ, ਆਪਣੇ ਆਟੋਪਲੈਨ ਬਰੋਕਰ ਨਾਲ ਗੱਲ ਕਰੋ।

## ਐਕਸਟੈਂਡਡ ਤੀਜੀ-ਧਿਰ ਦੀ ਜ਼ਿੰਮੇਵਾਰੀ

ਬੇਸਿਕ ਤੀਜੀ-ਧਿਰ ਦੀ ਜ਼ਿੰਮੇਵਾਰੀ ਵਾਂਗ, ਐਕਸਟੈਂਡਡ ਤੀਜੀ-ਧਿਰ ਦੀ ਜ਼ਿੰਮੇਵਾਰੀ ਕਵਰੇਜ ਉਦੋਂ ਵਰਤੀ ਜਾਂਦੀ ਹੈ ਜਦੋਂ ਤੁਸੀਂ ਕਿਸੇ ਟੱਕਰ ਲਈ ਜ਼ਿੰਮੇਵਾਰ ਹੁੰਦੇ ਹੋ। ਇਹ ਤੁਹਾਨੂੰ ਵਾਧੂ ਸੁਰੱਖਿਆ ਪ੍ਰਦਾਨ ਕਰਦੀ ਹੈ ਜਦੋਂ ਦੂਸਰੀ ਧਿਰ ਦੇ ਕਲੇਮ ਦਾ ਖਰਚਾ ਤੁਹਾਡੀ ਬੁਨਿਆਦੀ ਤੀਜੀ-ਧਿਰ ਦੀ ਜ਼ਿੰਮੇਵਾਰੀ ਦੀ $200,000 ਦੀ ਸੀਮਾ ਨੂੰ ਪਾਰ ਕਰ ਜਾਂਦਾ ਹੈ।

ਇਨਹਾਂਸਡ ਕੇਅਰ ਦੇ ਤਹਿਤ ਐਕਸਟੈਂਡਡ ਤੀਜੀ-ਧਿਰ ਦੀ ਜ਼ਿੰਮੇਵਾਰੀ ਕਵਰੇਜ ਵਧੇਰੇ ਕਿਫਾਇਤੀ ਹੈ। ਆਪਣੇ ਆਟੋਪਲੈਨ ਬਰੋਕਰ ਨਾਲ ਗੱਲ ਕਰੋ ਕਿ ਤੁਹਾਡੇ ਲਈ ਕਿੰਨਾ ਸਹੀ ਹੈ।

**ਐਕਸਟੈਂਡਡ ਤੀਜੀ-ਧਿਰ ਦੀ ਜ਼ਿੰਮੇਵਾਰੀ ਕਦ ਵਰਤੀ ਜਾ ਸਕਦੀ ਹੈ, ਦੀਆਂ ਕੁਝ ਉਦਾਹਰਣਾਂ ਵਿੱਚ ਸ਼ਾਮਲ ਹਨ:**

- ਬੀ.ਸੀ. ਤੋਂ ਬਾਹਰ ਗੱਡੀ ਚਲਾਉਂਦੇ ਸਮੇਂ ਤੁਸੀਂ ਕਿਸੇ ਹੋਰ ਦੇ ਵਾਹਨ ਨੂੰ ਨੁਕਸਾਨ ਪਹੁੰਚਾਉਂਦੇ ਹੋ।
- ਬੀ.ਸੀ. ਤੋਂ ਬਾਹਰ ਗੱਡੀ ਚਲਾਉਂਦੇ ਸਮੇਂ ਤੁਸੀਂ ਕਿਸੇ ਨੂੰ ਸੱਟ ਮਾਰਦੇ ਹੋ।
- ਵਾਹਨ ਚਲਾਉਣ ਵੇਲੇ ਵਾਹਨ ਤੋਂ ਇਲਾਵਾ ਤੁਸੀਂ ਕਿਸੇ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਂਦੇ ਹੋ (ਉਦਾਹਰਣ ਵਜੋਂ, ਤੁਸੀਂ ਕਿਸੇ ਇਮਾਰਤ, ਫੈਂਸ ਜਾਂ ਸਾਈਕਲ ਸਵਾਰ ਦੀ ਸਾਈਕਲ ਨੂੰ ਟੱਕਰ ਮਾਰਦੇ ਹੋ)
- ਤੁਸੀਂ ਕਿਸੇ ਹੋਰ ਡਰਾਈਵਰ ਦੇ ਵਾਹਨ ਦੇ ਅੰਦਰ ਦੀ ਸਮਗੱਗਰੀ ਨੂੰ ਨੁਕਸਾਨ ਪਹੁੰਚਾਉਂਦੇ ਹੋ।

# ਟੱਕਰ

ਇਨਹਾਂਸਡ ਕੇਅਰ ਦੇ ਤਹਿਤ ਆਈ ਸੀ ਬੀ ਸੀ ਕੋਲਿਜ਼ਨ ਕਵਰੇਜ ਨਹੀਂ ਬਦਲੀ ਗਈ। ਇਹ ਅਜੇ ਵੀ ਤੁਹਾਡੇ ਵਾਹਨ ਦੀ ਮੁਰੰਮਤ, ਟੌਇੰਗ, ਸਟੋਰੇਜ ਅਤੇ ਹੋਰ ਬਹੁਤ ਕੁਝ ਲਈ ਅਦਾਇਗੀ ਕਰਦੀ ਹੈ, ਭਾਵੇਂ ਟੱਕਰ ਤੁਹਾਡੀ ਗਲਤੀ ਹੀ ਹੋਵੇ, ਜਿਵੇਂ ਤੁਸੀਂ ਤਿਲਕ ਕੇ ਕਿਸੇ ਟੋਏ ਵਿੱਚ ਡਿੱਗ ਪੈਂਦੇ ਹੋ ਜਾਂ ਜੇ ਤੁਸੀਂ ਕਿਸੇ ਹੋਰ ਵਾਹਨ ਨੂੰ ਟੱਕਰ ਮਾਰਦੇ ਹੋ। ਆਈ ਸੀ ਬੀ ਸੀ ਕੋਲਿਜ਼ਨ ਕਵਰੇਜ ਤੁਹਾਨੂੰ ਉਸ ਹਾਲਤ ਵਿੱਚ ਵੀ ਕਵਰ ਕਰਦੀ ਹੈ, ਜਦੋਂ ਕੋਈ ਅਣਪਛਾਤਾ ਡਰਾਈਵਰ (ਹਿੱਟ ਐਂਡ ਰਨ) ਤੁਹਾਡੀ ਗੱਡੀ ਨੂੰ ਟੱਕਰ ਮਾਰਦਾ ਹੈ।

ਜੇ ਤੁਹਾਨੂੰ ਬੀ.ਸੀ. ਵਿਚ ਟੱਕਰ ਹੋਣ ਲਈ 50% ਜ਼ਿੰਮੇਵਾਰ ਮੰਨਿਆ ਜਾਂਦਾ ਹੈ, ਤਾਂ ਤੁਹਾਡੀ ਕੋਲਿਜ਼ਨ ਕਵਰੇਜ 50% ਖਰਚਿਆਂ ਲਈ ਅਦਾ ਕਰੇਗੀ। ਤੁਹਾਡੀ ਬੇਸਿਕ ਵਹੀਕਲ ਡੈਮੇਜ ਕਵਰੇਜ ਬਾਕੀ ਬਚੇ 50% ਲਈ ਭੁਗਤਾਨ ਕਰੇਗੀ, ਉਹ ਉਹਨਾਂ ਖ਼ਰਚਿਆਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਲਈ ਤੁਸੀਂ ਜ਼ਿੰਮੇਵਾਰ ਨਹੀਂ ਹੋ।

# ਹਿੱਟ ਐਂਡ ਰਨ – ਨਵਾਂ !

ਹਿੱਟ ਐਂਡ ਰਨ ਉਦੋਂ ਹੁੰਦਾ ਹੈ ਜਦੋਂ ਕੋਈ ਅਣਪਛਾਤਾ ਡਰਾਈਵਰ ਤੁਹਾਡੇ ਵਾਹਨ ਨੂੰ ਨੁਕਸਾਨ ਪਹੁੰਚਾਉਂਦਾ ਹੈ ਜਾਂ ਤੁਹਾਨੂੰ ਜ਼ਖਮੀ ਕਰ ਦਿੰਦਾ ਹੈ ਅਤੇ ਹਾਦਸੇ ਵਾਲੀ ਥਾਂ ਤੋਂ ਭੱਜ ਜਾਂਦਾ ਹੈ। 1 ਮਈ, 2021 ਤੋਂ ਹਿੱਟ ਐਂਡ ਰਨ ਕਾਰਨ ਵਹੀਕਲ ਡੈਮੇਜ ਕਵਰੇਜ ਬੇਸਿਕ ਇੰਸ਼ੋਰੈਂਸ ਕਵਰੇਜ ਤੋਂ ਇੱਕ ਆਪਸ਼ਨਲ ਕਵਰੇਜ ਵਿੱਚ ਬਦਲਦੀ ਹੈ।

ਇਸ ਤਬਦੀਲੀ ਦਾ ਅਰਥ ਹੈ ਕਿ ਪਾਲਸੀ ਵਾਲੇ ਸਾਰੇ ਲੋਕ ਹੁਣ ਹਿੱਟ ਐਂਡ ਰਨ ਦੀਆਂ ਘਟਨਾਵਾਂ ਦਾ ਖਰਚਾ ਨਹੀਂ ਦੇਣਗੇ, ਪ੍ਰੀਮੀਅਮ ਹੋਰ ਵਧੀਆ ਬਣ ਜਾਣਗੇ। ਇਹ ਹਿੱਟ ਐਂਡ ਰਨ ਲਈ ਬੀ.ਸੀ ਦੀ ਕਵਰੇਜ ਨੂੰ ਕੈਨੇਡਾ ਦੇ ਬਹੁਤ ਸਾਰੇ ਹੋਰ ਅਧਿਕਾਰ ਖੇਤਰਾਂ ਦੇ ਅਨੁਕੂਲ ਵੀ ਬਣਾਉਂਦਾ ਹੈ।

ਜੇ ਤੁਸੀਂ ਆਈ ਸੀ ਬੀ ਸੀ ਦੀ ਆਪਸ਼ਨਲ ਕੋਲਿਜ਼ਨ ਕਵਰੇਜ ਖਰੀਦਦੇ ਹੋ, ਜਿਵੇਂ ਕਿ ਲਗਭਗ 80% ਨਿੱਜੀ ਇੰਸ਼ੋਰੈਂਸ ਗਾਹਕ ਕਰਦੇ ਹਨ, ਤਾਂ ਤੁਸੀਂ ਅਜੇ ਵੀ ਹਿੱਟ ਐਂਡ ਰਨ ਤੋਂ ਸੁਰੱਖਿਅਤ ਹੋ।

ਕੋਈ ਵੀ ਜੋ ਆਈ ਸੀ ਬੀ ਸੀ ਕੋਲਿਜ਼ਨ ਨਹੀਂ ਖਰੀਦਦਾ, ਪਰ ਫਿਰ ਵੀ ਹਿੱਟ ਐਂਡ ਰਨ ਤੋਂ ਸੁਰੱਖਿਆ ਚਾਹੁੰਦਾ ਹੈ, ਉਹ ਹਿੱਟ ਐਂਡ ਰਨ ਕਾਰਨ ਹੋਏ ਵਾਹਨ ਦੇ ਨੁਕਸਾਨ ਨੂੰ ਕਵਰ ਕਰਨ ਲਈ ਬਣਾਈ ਨਵੀਂ ਆਪਸ਼ਨਲ ਕਵਰੇਜ ਖਰੀਦ ਸਕਦਾ ਹੈ, ਜਿਸ ਦੀ ਕੀਮਤ ਕੋਲਿਜ਼ਨ ਕਵਰੇਜ ਦੀ ਕੀਮਤ ਤੋਂ ਘੱਟ ਹੈ।



ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਨ੍ਹਾਂ ਕੋਲ ਕੋਈ ਇੰਸ਼ੋਰੈਂਸ ਕਵਰੇਜ ਹੈ, ਆਈ ਸੀ ਬੀ ਸੀ ਦੇ ਇਨਹਾਂਸਡ ਐਸਕੀਡੈਂਟ ਲਾਭ ਦੇ ਤਹਿਤ ਹਿੱਟ ਐਂਡ ਰਨ ਦੇ ਕਾਰਨ ਲੱਗਣ ਵਾਲੀ ਕਿਸੇ ਵੀ ਸੱਟ ਲਈ ਕਵਰ ਹੋਣਗੇ।

## ਇਨਕਮ ਟਾਪ-ਅਪ – ਨਵਾਂ!

ਜੇ ਤੁਸੀਂ ਕਿਸੇ ਟੱਕਰ ਵਿਚ ਜ਼ਖਮੀ ਹੋ ਅਤੇ ਕੰਮ ਨਹੀਂ ਕਰ ਸਕਦੇ ਤਾਂ ਅਸੀਂ ਸਮਝਦੇ ਹਾਂ ਕਿ ਤੁਹਾਨੂੰ ਅਜੇ ਵੀ ਬਿੱਲਾਂ ਦਾ ਭੁਗਤਾਨ ਕਰਨ ਅਤੇ ਆਪਣੀ ਆਮਦਨੀ ਬਣਾਈ ਰੱਖਣ ਦੀ ਜ਼ਰੂਰਤ ਹੈ। ਇਨਹਾਂਸਡ ਕੇਅਰ ਦੇ ਤਹਿਤ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀ ਸਾਲ ਦੀ ਵੱਧ ਤੋਂ ਵੱਧ $100,000 ਕੁੱਲ ਆਮਦਨ ਤੱਕ, ਤਨਖਾਹ ਦੇ ਹੋਏ ਨੁਕਸਾਨ ਦੇ ਲਾਭ ਵਜੋਂ ਆਪਣੀ ਨਿਰੋਲ (ਨੈੱਟ) ਆਮਦਨ ਦੇ 90 ਪ੍ਰਤੀਸ਼ਤ ਲਈ ਕਵਰ ਹੋਣਗੇ। ਪਿਛਲੇ ਇੰਸ਼ੋਰੈਂਸ ਸਿਸਟਮ ਦੇ ਮੁਕਾਬਲੇ ਵੱਧ ਤੋਂ ਵੱਧ ਬੈਨੀਫਿੱਟਾਂ ਵਿੱਚ ਇਹ 70% ਵਾਧਾ ਹੈ।

ਜੇ ਤੁਸੀਂ $100,000 ਤੋਂ ਵੱਧ ਕਮਾ ਲੈਂਦੇ ਹੋ ਅਤੇ ਤੁਹਾਡੇ ਕੋਲ ਕੋਈ ਹੋਰ ਇਨਕਮ ਰਿਪਲੇਸਮੈਂਟ ਕਵਰੇਜ ਨਹੀਂ ਹੈ (ਜਿਵੇਂ ਕਿ ਤੁਹਾਡੇ ਕੰਮ-ਮਾਲਕ ਦੁਆਰਾ) ਤਾਂ ਤੁਸੀਂ ਇਨਹਾਂਸਡ ਕੇਅਰ ਲਾਭ ਦੁਆਰਾ ਦਿੱਤੀ ਗਈ ਤਨਖਾਹ ਦੇ ਨੁਕਸਾਨ ਦੀ ਤਬਦੀਲੀ ਦੀ ਰਕਮ ਨੂੰ ਵਧਾਉਣ ਲਈ ਵਾਧੂ ਆਪਸ਼ਨਲ ਕਵਰੇਜ ਖਰੀਦ ਸਕਦੇ ਹੋ। ਇਹ ਕਵਰੇਜ ਸਾਰੇ ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਖਰੀਦਣ ਲਈ ਉਪਲਬਧ ਹੋਵੇਗੀ, ਭਾਵੇਂ ਉਨ੍ਹਾਂ ਕੋਲ ਆਈ ਸੀ ਬੀ ਸੀ ਇੰਸ਼ੋਰੈਂਸ ਪਾਲਿਸੀ ਹੈ ਜਾਂ ਨਹੀਂ। ਵਧੇਰੇ ਜਾਣਕਾਰੀ ਲਈ ਆਪਣੇ ਆਟੋਪਲੈਨ ਬਰੋਕਰ ਨਾਲ ਗੱਲ ਕਰੋ।

# ਆਪਣਾ ਇੰਸ਼ੋਰੈਂਸ ਰਿਨਿਊ ਕਰਨਾ

ਜਦੋਂ ਤੁਹਾਡੇ ਇੰਸ਼ੋਰੈਂਸ ਨੂੰ ਰਿਨਿਊ ਕਰਨ ਦਾ ਸਮਾਂ ਆ ਜਾਂਦਾ ਹੈ, ਤਾਂ ਆਈ ਸੀ ਬੀ ਸੀ ਦਾ ਆਟੋਪਲੈਨ ਬਰੋਕਰਜ਼ ਦਾ ਸੂਬਾ ਪੱਧਰੀ ਨੈਟਵਰਕ ਇਨਹਾਂਸਡ ਕੇਅਰ ਦੀ ਵਿਆਖਿਆ ਕਰਨ ਅਤੇ ਤੁਹਾਡੇ ਲਈ ਕਿਹੜੀ ਕਵਰੇਜ ਸਹੀ ਹੈ, ਬਾਰੇ ਸਲਾਹ ਪ੍ਰਦਾਨ ਕਰਨ ਲਈ ਉਪਲਬਧ ਹੁੰਦਾ ਹੈ। ਆਪਣੇ ਨੇੜੇ ਆਟੋਪਲੈਨ ਬਰੋਕਰ ਲੱਭਣ ਲਈ icbc.com ‘ਤੇ ਜਾਓ।

ਇਹ ਯਕੀਨੀ ਬਣਾਉਣ ਲਈ ਕਿ ਜ਼ਰੂਰਤ ਵੇਲੇ ਇੰਸ਼ੋਰੈਂਸ ਕਵਰੇਜ ਹਮੇਸ਼ਾਂ ਤੁਹਾਡੇ ਕੋਲ ਹੋਵੇ, ਇਹ ਮਹੱਤਵਪੂਰਨ ਹੈ ਕਿ ਹਰ ਵਾਰ ਆਪਣੀ ਪਾਲਿਸੀ ਨੂੰ ਰਿਨਿਊ, ਬਦਲਣ ਜਾਂ ਖਰੀਦਣ ਵੇਲੇ ਆਪਣੇ ਬਰੋਕਰ ਨੂੰ ਸਹੀ ਅਤੇ ਅਪ-ਟੂ-ਡੇਟ ਜਾਣਕਾਰੀ ਪ੍ਰਦਾਨ ਕਰੋ।

### ਇਨਹਾਂਸਡ ਕੇਅਰ ਅਧੀਨ ਕੋਈ ਤਬਦੀਲੀ ਨਹੀਂ

- ਆਟੋਪਲੈਨ ਬਰੋਕਰ ਦੁਆਰਾ ਆਪਣੀ ਇੰਸ਼ੋਰੈਂਸ ਪਾਲਿਸੀ ਰਿਨਿਊ ਕਰਾਉਣਾ
- ਆਨਲਾਈਨ ਜਾਂ ਫੋਨ ਦੁਆਰਾ ਕਲੇਮ ਦੀ ਰਿਪੋਰਟ ਕਰਨਾ
- ਆਪਣੇ ਵਾਹਨ ਦਾ ਅਨੁਮਾਨ ਲਗਾਉਣਾ ਅਤੇ ਮੁਰੰਮਤ ਕਰਨਾ
- ਆਪਣਾ ਬੀ.ਸੀ. ਡਰਾਈਵਰ ਲਾਇਸੈਂਸ ਜਾਂ ਬੀ.ਸੀ. ਸ਼ਨਾਖਤੀ ਕਾਰਡ ਰਿਨਿਊ ਕਰਾਉਣਾ

**ਇਹਨਾਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਲਈ icbc.com ’ਤੇ ਜਾਓ।**

# ਉਹ ਪੱਖ ਜੋ ਤੁਹਾਡੇ ਇੰਸ਼ੋਰੈਂਸ ਦੀ ਕੀਮਤ ਨਿਰਧਾਰਤ ਕਰਦੇ ਹਨ

ਹੇਠਾਂ ਦਿੱਤੇ ਵੇਰਵੇ ਤੁਹਾਡੇ ਇੰਸ਼ੋਰੈਂਸ ਦੀ ਕੀਮਤ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਦੇ ਹਨ। ਇਸ ਖਤਰੇ ਤੋਂ ਬਚਣ ਲਈ ਕਿ ਤੁਹਾਡੀ ਪਾਲਿਸੀ ਤੁਹਾਡੇ ਕਲੇਮ ਨੂੰ ਕਵਰ ਨਹੀਂ ਕਰ ਸਕਦੀ, ਪਾਲਿਸੀ ਦੇ ਇਹਨਾਂ ਮੁੱਖ ਵੇਰਵਿਆਂ ਬਾਰੇ ਤਾਜ਼ਾ ਜਾਣਕਾਰੀ ਪ੍ਰਦਾਨ ਕਰਨਾ ਨਿਸ਼ਚਤ ਕਰੋ:

1. ਤੁਸੀਂ ਆਪਣੇ ਵਾਹਨ ਦੀ ਵਰਤੋਂ ਕਿਵੇਂ ਕਰਦੇ ਹੋ (ਤੁਹਾਡੀ ਰੇਟ ਕਲਾਸ)
2. ਤੁਸੀਂ ਕਿੱਥੇ ਰਹਿੰਦੇ ਹੋ ਅਤੇ ਆਪਣਾ ਵਾਹਨ ਕਿੱਥੇ ਪਾਰਕ ਕਰਦੇ ਹੋ (ਤੁਹਾਡਾ ਖੇਤਰ)
3. ਉਹ ਵਿਅਕਤੀ ਜੋ ਕਿਸੇ ਵੀ ਹੋਰ ਸੂਚੀਬੱਧ ਡਰਾਈਵਰ ਤੋਂ ਜ਼ਿਆਦਾ ਡਰਾਈਵ ਕਰਦਾ ਹੈ (ਪ੍ਰਿੰਸੀਪਲ ਡਰਾਈਵਰ)

**ਕੀ ਤੁਸੀ ਜਾਣਦੇ ਹੋ ?**

ਜੇ ਤੁਸੀਂ ਗੈਰ-ਸੂਚੀਬੱਧ ਡਰਾਈਵਰ ਨੂੰ ਆਪਣੇ ਵਾਹਨ ਦੀ ਵਰਤੋਂ ਕਰਨ ਦਿੰਦੇ ਹੋ ਅਤੇ ਉਹ ਟੱਕਰ ਦਾ ਕਾਰਨ ਬਣਦਾ ਹੈ, ਤਾਂ ਤੁਹਾਨੂੰ ਬਹੁਤ ਜ਼ਿਆਦਾ ਵਿੱਤੀ ਜੁਰਮਾਨਾ ਹੋ ਸਕਦਾ ਹੈ।
ਜੇ ਹੇਠ ਲਿਖੇ ਲੋਕ ਤੁਹਾਡੀ ਕਾਰ ਚਲਾਉਂਦੇ ਹਨ, ਤਾਂ ਤੁਹਾਨੂੰ ਉਹਨਾਂ ਨੂੰ ਸੂਚੀਬੱਧ ਕਰਨਾ ਚਾਹੀਦਾ ਹੈ:

- ਕੋਈ ਵੀ ਜੋ ਤੁਹਾਡੇ ਘਰ ਵਿਚ ਰਹਿੰਦਾ ਹੈ (ਉਦਾਹਰਣ ਲਈ, ਪਤੀ / ਪਤਨੀ, ਬੱਚਾ ਜਾਂ ਨੈਨੀ)
- ਕੋਈ ਕਰਮਚਾਰੀ
- ਹੋਰ ਦੋਸਤ ਅਤੇ ਪਰਿਵਾਰ ਦੇ ਮੈਂਬਰ

ਆਪਣੇ ਆਟੋਪਲੈਨ ਬਰੋਕਰ ਨਾਲ ਗੱਲ ਕਰੋ ਕਿ ਤੁਹਾਨੂੰ ਆਪਣੀ ਪਾਲਿਸੀ 'ਤੇ ਕਿਸ ਨੂੰ ਸੂਚੀਬੱਧ ਕਰਨਾ ਚਾਹੀਦਾ ਹੈ।

# ਸਾਰਿਆਂ ਲਈ ਦੇਖਭਾਲ ਅਤੇ ਜਵਾਬਦੇਹੀ

ਡਰਾਈਵਰ ਜੋ ਟੱਕਰ ਹੋਣ ਦਾ ਕਾਰਨ ਬਣਦੇ ਹਨ ਜਾਂ ਖਤਰਨਾਕ ਢੰਗ ਨਾਲ ਗੱਡੀ ਚਲਾਉਂਦੇ ਹਨ, ਉਹਨਾਂ ਨੂੰ ਅਜੇ ਵੀ ਇਨਹਾਂਸਡ ਕੇਅਰ ਅਧੀਨ ਜਵਾਬਦੇਹ ਠਹਿਰਾਇਆ ਜਾਂਦਾ ਹੈ। ਇਹ ਡਰਾਈਵਰ ਆਪਣੇ ਇੰਸ਼ੋਰੈਂਸ ਲਈ ਜਿਆਦਾ ਭੁਗਤਾਨ ਕਰਨਾ ਜਾਰੀ ਰੱਖਣਗੇ - ਅਤੇ ਜਿੰਨੀਆਂ ਵੱਧ ਟੱਕਰਾਂ ਉਹ ਕਰਨਗੇ, ਓਨਾ ਹੀ ਵੱਧ ਉਨ੍ਹਾਂ ਨੂੰ ਅਦਾ ਕਰਨਾ ਪਵੇਗਾ।

ਤੁਹਾਡਾ ਪ੍ਰੀਮੀਅਮ ਪਿਛਲੇ ਇੰਸ਼ੋਰੈਂਸ ਸਿਸਟਮ ਦੇ ਉਹਨਾਂ ਕਾਰਨਾਂ ਦੇ ਆਧਾਰ 'ਤੇ ਨਿਰਧਾਰਤ ਕੀਤਾ ਜਾਣਾ ਜਾਰੀ ਰਹੇਗਾ, ਜਿਵੇਂ ਕਿ:

1. ਤੁਹਾਡਾ ਵਾਹਨ ਕੌਣ ਚਲਾਉਂਦਾ ਹੈ
2. ਤੁਹਾਡੀ ਅਤੇ ਤੁਹਾਡੇ ਸੂਚੀਬੱਧ ਡਰਾਈਵਰਾਂ ਦੀ ਡਰਾਈਵਿੰਗ ਦਾ ਤਜਰਬਾ
3. ਤੁਹਾਡੀ ਅਤੇ ਤੁਹਾਡੇ ਸੂਚੀਬੱਧ ਡਰਾਈਵਰਾਂ ਦੀਆਂ ਟੱਕਰਾਂ ਦੀ ਹਿਸਟਰੀ
4. ਤੁਸੀਂ ਕੰਮ ਲਈ ਜਾਂ ਖੁਸ਼ੀ ਲਈ ਡਰਾਈਵ ਕਰਦੇ ਹੋ
5. ਤੁਸੀਂ ਕਿੱਥੇ ਰਹਿੰਦੇ ਹੋ ਅਤੇ ਆਪਣਾ ਵਾਹਨ ਕਿੱਥੇ ਪਾਰਕ ਕਰਦੇ ਹੋ

ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਸਭ ਤੋਂ ਖਤਰਨਾਕ ਜਾਂ ਲਾਪਰਵਾਹੀ ਵਰਤਣ ਵਾਲੇ ਡਰਾਈਵਰਾਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਸੁਰੱਖਿਆ ਅਜੇ ਵੀ ਬਰਕਰਾਰ ਹੈ। ਉਦਾਹਰਣ ਲਈ, ਜੇ ਕਿਸੇ ਐਸੇ ਡਰਾਈਵਰ ਦੇ ਕਾਰਨ ਤੁਹਾਡੀ ਟੱਕਰ ਹੋਈ ਹੈ, ਜਿਸ ਨੂੰ ਇਮਪੇਅਰਡ ਡਰਾਈਵਿੰਗ ਦਾ ਦੋਸ਼ੀ ਮੰਨਿਆ ਜਾਂਦਾ ਹੈ, ਤਾਂ ਤੁਹਾਨੂੰ ਅਜੇ ਵੀ ਕੁਝ ਨੁਕਸਾਨਾਂ ਲਈ ਸਿਵਲ ਕਲੇਮ ਵਿੱਚ ਉਸ ਡਰਾਈਵਰ 'ਤੇ ਮੁਕੱਦਮਾ ਕਰਨ ਦਾ ਅਧਿਕਾਰ ਹੈ।

# ਨੋਟਸ :